੧ ੳ ਵਾਹਿਗੁਰੂ ਜੀ ਕੀ ਫ਼ਤਹਿ ॥

ਵਿਦਿਆ, ਗਿਆਨ, ਕਾਵਿ-ਰਸ ਸਿੰਜਕੇ, ਇਹ 'ਫੁਲਵਾੜੀ' ਲਾਈ ਏ !
ਪੱਤ-ਝੜਿ ਕਦੀ ਨ ਇਸ ਤੇ ਆਵੇ, ਸਦਾ ਬਸੰਤ ਸੁਹਾਈ ਏ !

ਪੰਜਾਬੀ ਦਾ ਸਿਰਤਾਜ ਮਾਸਕ ਪੱਤਰ

# ਫੁਲਵਾੜੀ

ਲਾਹੌਰ.

ਫੁਲਵਾੜੀ ਟੈਕਸਟ ਬੁਕ ਕਮੇਟੀ ਸੂਬਾ ਪੰਜਾਬ ਤੇ ਸਿੱਖ ਐਜੂਕੇਸ਼ਨਲ ਕਮੇਟੀ ਚੀਫ਼ ਖਾਲਸਾ ਦੀਵਾਨ ਵਲੋਂ ਸਕੂਲਾਂ ਲਈ ਮਨਜ਼ੂਰ ਕੀਤੀ ਗਈ ਹੈ ਅਤੇ ਬਹੁਤ ਸਾਰੇ ਡਿਸਟ੍ਰਿਕਟ ਬੋਰਡਾਂ ਨੇ ਰੂਰਲ ਲਾਇਬ੍ਰੇਰੀਆਂ, ਸਕੂਲਾਂ ਤੇ ਕੰਨਿਆਂ ਪਾਠਸ਼ਾਲਾਂ ਲਈ ਇਸਨੂੰ ਖ੍ਰੀਦਿਆ ਹੈ।

ਵਰ੍ਹਾ ਸਤਵਾਂ ਅੰਕ ੯ | ਹਾੜ-ਸਾਉਣ ਸੰ: ਬਿ: ੧੯੮੮, ਨਾ: ੪੬੨, ਜੁਲਾਈ ੧੯੩੧ | ਪੂਰਨ ਅੰਕ ੮੧

## ਲੇਖ--ਸੂਚੀ.


| ਨੰ: | ਲੇਖ | | ਲੇਖਕ | ਸਫ਼ਾ |
|---|---|---|---|---|
| ੧. | ਧਰਮ ਤੇ ਅਧਰਮ ਦੀ ਕਮਾਈ | (ਕਵਿਤਾ) | "ਦਰਦ" | ੬੩੫ |
| ੨ | ਸੰਪਾਦਕੀ ਨੋਟ | (ਸਾਹਿਤ ਕਿਆਰੀ) | ਐਡੀਟਰ | ੬੩੬--੬੩੭ |
| ੩. | ਮ: ਰਣਜੀਤ ਸਿੰਘ ਦਰਸ਼ਨ | (ਕਵਿਤਾ) | ਲਾ: ਕਿਰਪਾ ਸਾਗਰ ਜੀ ਲਾਹੌਰ | ੬੪੧ |
| ੪. | ਹਵਾਈ ਉਡਾਰੂ | | ਐਡੀਟਰ | ੬੪੫ |
| ੫. | ਹਾਲ ਸਿਖ ਗੁਰੂਆਂ | | ਸ: ਰੀਡਾ ਸਿੰਘ ਜੀ ਕੇਵਲ | ੬੪੯ |
| ੬. | ਗਰੀਬਾਂ ਦੀ ਦੁਨੀਆਂ . | (ਕਵਿਤਾ) | "ਦਰਦ" | ੬੫੯ |
| ੭. | ਸੁਰਿ ਨਰਿ ਮੁਨਿ ਜਨ ਅੰਮ੍ਰਿਤ ਖੋਜਦੇ | | ਸਃ ਸ਼ੇਰ ਸਿੰਘ ਜੀ ਐਮ. ਏ. ਕਸ਼ਮੀਰ | ੬੬੧ |
| ੮. | ਸਾਵੇ ਪੱਤਰ . | (ਰੁਬਾਈਆਂ) | ਸਃ ਮੋਹਣ ਸਿੰਘ ਜੀ 'ਮਾਹਿਰ' ਐਮ. ਏ. | ੬੬੬ |
| ੯. | ਪਹਿਲੀ ਜਮਾਤ ਤੋਂ ਅੰਗਰੇਜ਼ੀ | | ਗਿਃ ਲਾਲ ਸਿੰਘ ਜੀ ਬੀ. ਏ. ਐਮ. ਏ. ਵੀ. | ੬੬੭ |
| ੧੦. | ਸੁਹਲ-ਕਲੀ . | (ਕਵਿਤਾ) | ਬੀਬੀ ਹਰਨਾਮ ਕੌਰ ਜੀ ਨਾਭਾ | ੬੭੨ |
| ੧੧. | ਮਾਂ | (ਕਹਾਣੀ) | ਸ: ਸੰਪੂਰਨ ਸਿੰਘ ਜੀ | ੬੭੩ |
| ੧੨. | ਦੇਸ਼ ਭਗਤ ਦਾ ਖੱਫਣ | ,, | ਗਿਆਨੀ ਗੁਰਦਿਤ ਸਿੰਘ ਜੀ | ੬੮੭ |
| ੧੩. | ਸ਼ੇਰਿ ਪੰਜਾਬ ਦੀ ਬਰਸੀ | (ਕਵਿਤਾਵਾਂ) | 'ਤੀਰ,' 'ਹਮਦਮ', 'ਆਸੀ', 'ਧੌਣ', | ੬੮੯ |
| ੧੪. | ਪੇਂਡੂ ਗੀਤ . | (ਬੋਲੀਆਂ) | ਪੰ: ਰਾਮ ਸਰਨ ਜੀ ਬੀ. ਏ. ਐਲ. ਐਲ. ਬੀ.ਐਃ | ੬੯੭ |
| ੧੫. | ਫੁਲਵਾੜੀ ਡਾਇਰੀ | | ਜਾਂਇੰਟ ਐਡੀਟਰ | ੭੦੫ |
| ੧੬. | ਰੀਵੀਊ | | ਐਡੀਟਰ | ੭੦੯ |

# ਪੇਂਡੂ ਗੀਤ

## ਬੋਲੀਆਂ !

[ਵਲੋਂ—ਪੰਡਤ ਰਾਮ ਸਰਨ ਜੀ ਬੀ. ਏ. ਐਲ. ਐਲ. ਬੀ. ਐਡਵੋਕੇਟ ਲਾਹੌਰ]

ਪੰਜਾਬੀ ਜ਼ਬਾਨ ਦੀ ਬੜੀ ਵਡਿਆਈ ਏਹ ਹੈ ਕਿ ਇਸ ਵਿਚ 'ਬਲੈਂਕ ਵਰਸ' ਯਾ ਬਗ਼ੈਰ ਕਾਫ਼ੀਏ ਵਾਲੀ ਤਰਜ਼ ਵਿਚ ਇਸ ਕਿਸਮ ਦੀ ਕਮਾਲ ਦੀ ਸ਼ਾਇਰੀ ਹੋ ਸਕਦੀ ਏ ਕਿ ਸੁਣਨ ਵਾਲਾ ਆਦਮੀ ਖ਼ਿਆਲ ਵੀ ਨਹੀਂ ਕਰ ਸਕਦਾ ਕਿ ਜੋ ਕੁਝ ਓਹ ਸੁਣ ਰਿਹਾ ਏ ਉਹ ਬਲੈਂਕ ਵਰਸ ਏ ਯਾ ਕਾਫ਼ੀਏ ਵਾਲੀ ਤੁਕ ਹੈ। ਅਜੇ ਤੀਕ ਇਹ ਵਡਿਆਈ ਹਿੰਦੀ ਅਤੇ ਉਰਦੂ ਵਿਚ ਨਹੀਂ ਆਈ। ਹਿੰਦੀ ਜ਼ਬਾਨ ਵਿਚ ਬਹੁਤ ਮਸ਼ਹੂਰ ਤਰਜ਼ਾਂ ਦੋਹਰੇ ਤੇ ਚੁਪਾਈ ਵਾਲੀਆਂ ਤਰਜ਼ਾਂ ਨੇ; ਉਰਦੂ ਜ਼ਬਾਨ ਵਿਚ ਗ਼ਜ਼ਲਾਂ ਤੇ ਮਸ਼ਹੂਰ ਬਹਿਰ। ਪਰ ਪੰਜਾਬੀ ਜ਼ਬਾਨ ਵਿਚ ਸਾਰਿਆਂ ਨਾਲੋਂ ਸੁਖਾਲੀ ਤੇ ਲੁਭਾਵਣ ਵਾਲੀ ਤਰਜ਼ ਬਗੈਰ ਕਾਫ਼ੀਏ ਵਾਲੀ ਤਰਜ਼ ਏ। ਮੇਲਿਆਂ ਉਤੇ ਜੱਟਾਂ ਦੀਆਂ ਟੋਲੀਆਂ ਤੂੰਬੇ ਨਾਲ ਯਾ ਚਿਮਟੇ ਨਾਲ ਯਾ ਢੋਲਕੀ ਨਾਲ ਇਹੋ ਤਰਜ਼ ਗਾਉਂਦੀਆਂ ਨਜ਼ਰ ਪੈਣਗੀਆਂ; ਛੇੜੂ, ਵੱਗਾਂ ਨੂੰ ਚਰਾਉਣ ਵੇਲੇ ਵੀ ਬੋਲੀਆਂ ਹੀ ਪਾਉਣਗੇ, ਪਿੰਡਾਂ ਦੀਆਂ ਇਸਤ੍ਰੀਆਂ ਗਿੱਧਾ ਪਾਉਣ ਲੱਗਿਆਂ ਵੀ ਇਸੇ ਤਰਜ਼ ਵਿਚ ਗਾਉਣਗੀਆਂ। ਸ਼ਹਿਰ ਵਿਚ ਢੋਲਕੀ ਨਾਲ ਵੀ ਤ੍ਰੀਮਤਾਂ ਇਹੋ ਤਰਜ਼ ਬੋਲਣਗੀਆਂ ਤੇ ਵੱਡੇ ਅੰਗਰੇਜ਼ੀ ਜੰਟਲਮੈਨ ਵੀ ਗਰਾਮੋ-ਫ਼ੋਨ ਵਾਜਾ ਸਾਹਮਣੇ ਰਖਕੇ 'ਛਹੀ' 'ਚੂੜੇ ਵਾਲੀ ਬਾਂਹ ਕੱਢਕੇ' 'ਬਲੀਏ ਨੀ ਰੋਵੇਂਗੀ ਚਪੇੜ ਖਾਵੇਂਗੀ' ਵਾਲੇ ਹੀ ਤਵੇ ਲਾਉਣਗੇ।

ਏਸ ਤਰਜ਼ ਨੂੰ ਆਮ ਲੋਕ ਬੋਲੀਆਂ ਕਹਿੰਦੇ ਨੇ। ਬਹਿਰ ਛੋਟਾ ਏ, ਕਾਫ਼ੀਏ ਦੀ ਕੋਈ ਲੋੜ ਨਹੀਂ, ਪਰ ਮਤਲਬ ਇਸ ਖ਼ੂਬੀ ਨਾਲ ਅਦਾ ਹੁੰਦਾ ਏ ਕਿ ਜਿਹੜੀ ਗਲ ਦੂਜੀਆਂ ਤਰਜ਼ਾਂ ਵਿਚ ਅਠ ਸਤਰਾਂ ਵਿਚ ਬਿਆਨ ਨਹੀਂ ਹੋ ਸਕਦੀ, ਓਹ ਇਸ ਤਰਜ਼ ਵਿਚ ਦੋ ਸਤਰਾਂ ਵਿਚ ਈ ਇਸ਼ਾਰੇ ਨਾਲ ਸਮਝਾ ਦਿਤੀ ਜਾਂਦੀ ਏ।

ਇਸ ਤਰਜ਼ ਵਿਚ ਪੰਜਾਬ ਦੀ ਜ਼ਿੰਦਗੀ ਦੇ ਹਰ ਪਹਿਲੂ ਤੇ ਸ਼ਾਇਰੀ ਕੀਤੀ ਗਈ ਏ। ਇਨ੍ਹਾਂ ਬੋਲੀਆਂ ਦੇ ਪੜ੍ਹਨ ਨਾਲ ਪੰਜਾਬ ਦੀ ਅਸਲ ਜ਼ਿੰਦਗੀ ਦੀ ਤਸਵੀਰ ਸਾਡੀਆਂ ਅੱਖੀਆਂ ਅਗੇ ਆ ਜਾਂਦੀ ਏ, ਦੋ ਸਤਰਾਂ ਵਿਚ ਅਜਿਹਾ ਨਕਸ਼ਾ ਛਾ ਜਾਂਦਾ ਏ, ਜਿਹੜਾ ਕਿ ਕੈਮਰੇ ਨਾਲ ਖਿੱਚੀ ਹੋਈ ਫ਼ੋਟੋ ਨਾਲੋਂ ਵੀ ਸੋਹਣਾ ਤੇ ਮਨ ਤੇ ਠੀਸ ਲਾਉਣ ਵਾਲਾ ਹੁੰਦਾ ਏ। ਇਨ੍ਹਾਂ ਬੋਲੀਆਂ ਦੇ ਗਾਉਣ ਦੀਆਂ ਬਹੁਤ ਸਾਰੀਆਂ ਤਰਜ਼ਾਂ ਨੇ, ਪਹਿਲਾਂ ਪਹਿਲਾਂ ਮਾਝੇ ਵਿਚ ਲੋਕੀ ਸਿੱਧੀ ਤਰਜ਼ ਨਾਲ ਗਾਉਂਦੇ ਸਨ, ਉਸ

Digitized by Panjab Digital Library | www.panjabdigilib.org

ਤਰਜ਼ ਨੂੰ ਲੱਡੀ ਦੀ ਤਰਜ਼ ਕਹਿੰਦੇ ਨੇ:—

ਹਾਇ ਵੇ,
"ਜਿਥੇ ਲਛੀ ਪਾਣੀ ਡੋਹਲਿਆ,
ਪਾਣੀ ਡੋਹਲਿਆ, ਪਾਣੀ ਡੋਹਲਿਆ,
ਉਥੇ........................................,
ਜਿਥੇ ਲਛੀ ਪਾਣੀ ਡੋਹਲਿਆ।"

ਫਿਰ ਜ਼ਰਾ ਫ਼ਰਕ ਪਾਕੇ ਬੋਲਣ ਲਗ ਪਏ। ਦੂਜੀ ਸਤਰ ਪਹਿਲਾਂ ਬੋਲਕੇ ਪਹਿਲੀ ਸਤਰ ਪਿਛੋਂ ਬੋਲਣ ਲਗ ਪਏ:—

ਤੇਰੇ ਲਕ ਨੂੰ ਜ਼ਰਬ ਨਾ ਆਵੇ,
ਤੇਰੇ ਲਕ ਨੂੰ,
ਨਿੱਕਾ ਘੜਾ ਚੁਕ ਲਛੀਏ,
ਤੇਰੇ ਲਕ ਨੂੰ।

ਫਿਰ ਚੂੜੇ ਵਾਲੀ ਤਰਜ਼ ਨਾਲ ਲੋਕੀ ਇਸ ਬਲੈਂਕ ਵਰਸ ਨੂੰ ਗਾਉਣ ਲਗ ਪਏ—

ਹਾਏ ਨੀ,
ਚੂੜੇ ਵਾਲੀ ਬਾਂਹ ਕਢਕੇ,
ਮੁੰਡਾ ਮੋਹ ਲਿਆ ਤਵੀਤਾਂ ਵਾਲਾ,
ਨੀ ਚੂੜੇ ਵਾਲੀ...........

ਫਿਰ ਬਲੀਏ ਦਾ ਰਿਵਾਜ ਚਲ ਪਿਆ ਤੇ ਬਲੈਂਕ ਵਰਸ ਨੂੰ ਜ਼ਰਾ ਸੁਰ ਦਾ ਫੇਰ ਪਾਕੇ ਲੋਕੀ ਗਾਉਣ ਲਗ ਪਏ।

ਬਲੀਏ,
ਰੋਵੇਂਗੀ ਚਪੇੜ ਖਾਵੇਂਗੀ,
ਚੁਪ ਕਰਕੇ ਗੱਡੀ ਵਿਚ ਬਹਿ ਜਾ।

ਫਿਰ ਇਕ ਹੋਰ ਸੁਰ ਦਾ ਫ਼ੈਸ਼ਨ ਚਲ ਪਿਆ ਜਿਸਨੂੰ ਕਿ "ਮਹਿੰਦੀ ਵਾਲੇ ਹਥ ਜੋੜਦੀ" ਦੀ ਸੁਰ ਕਹਿੰਦੇ ਸਨ, ਅਸਲ ਵਿਚ ਓਹੋ ਬੋਲੀਆਂ ਈ ਸਨ; ਪਿੰਡਾਂ ਦੇ ਮੁੰਡਿਆਂ ਨੇ ਇਨ੍ਹਾਂ ਬੋਲੀਆਂ ਨੂੰ (Marching-song) ਮਾਰਚਿੰਗ ਸਾਂਗ ਦੀ ਤਰਜ਼ ਤੇ ਢਾਲ ਲਿਆ।

ਬਲੇ ਬਲੇ ਓ,
ਅੱਖ ਨਾਲ ਗਲ ਕਰ ਗਈ,
ਪੱਲਾ ਮਾਰਕੇ ਬੁਝੱਾ ਗਈ ਦੀਵਾ,
ਓ ਅੱਖ ਨਾਲ ਗਲ ਕਰ ਗਈ।

ਸਿਨੇਮਾ ਜਾਣ ਵਾਲਿਆਂ ਚਾਰ ਆਨਾ ਕਲਾਸ ਦਿਆਂ ਭਰਾਵਾਂ ਨੇ ਪਿਆਨੋ ਦੀਆਂ ਮੱਧਮ ਤਰਜ਼ਾਂ ਨੂੰ ਸੁਣ, ਝਟ ਇਨ੍ਹਾਂ ਹੀ ਬੋਲੀਆਂ ਨੂੰ ਬੋਲਣ ਦੀ ਨਵੀਂ ਸੁਰ 'ਤੂੰਬਾ ਵਜਦਾ ਈ ਨਾਂਹ' ਈਜਾਦ ਕਰ ਲਈ ਤੇ ਦੋ ਚਾਰ ਸਾਲ ਤੂੰਬੇ ਦੀ ਸੁਰ ਸਾਰੇ ਪੰਜਾਬ ਵਿਚ ਡਾਢੀ ਘੂਕੀ।ਲਗੋਜ਼ੇ ਵਜਾਣ ਵਾਲਿਆਂ ਦੋਸਤਾਂ ਨੇ ਇਨ੍ਹਾਂ ਬੋਲੀਆਂ ਨੂੰ 'ਜਿੰਦੇ ਮੇਰੀਏ' ਦੀ ਸੁਰ ਤੇ ਬੋਲਣਾ ਸ਼ੁਰੂ ਕਰ ਦਿਤਾ—

ਜਿੰਦੇ ਮੇਰੀਏ ਮਿਟੀ ਦੀ ਢੇਰੀਏ,
ਅਲ੍ਹਾ ਹੀ ਜਾਣਦਾ ਮੀਆਂ,
..............................................
ਆਸ਼ਕਾਂ ਦੇ ਬਾਗ ਦੇ ਵਿਚੋਂ,
ਜਿੰਦੇ ਮੇਰੀਏ..............

ਇਸੇ ਤਰ੍ਹਾਂ ਹੋਰ ਕਈ ਤਰੀਕੇ ਨੇ ਜਿਨ੍ਹਾਂ ਨਾਲ ਇਹ ਬਲੈਂਕ ਵਰਸ ਦੀਆਂ ਬੋਲੀਆਂ ਪੰਜਾਬ ਵਿਚ ਬੋਲੀਆਂ ਜਾਂਦੀਆਂ ਨੇ। ਕੁਝ ਲਫ਼ਜ਼ ਪਹਿਲਾਂ ਲਾਏ ਯਾ ਕੁਝ ਪਿਛੇ ਲਾ ਦਿਤੇ ਤੇ ਇਸ ਤਰ੍ਹਾਂ ਇਕ ਨਵੀਂ ਸੁਰ ਤੇ ਨਵਾਂ ਰੰਗ ਪੈਦਾ ਕਰ ਦਿਤਾ ਜਾਂਦਾ ਹੈ।

ਅਜ ਕਲ ਬੋਲੀਆਂ ਬੋਲਣ ਦੀ ਸਭ ਤੋਂ ਜ਼ਿਆਦਾ ਚਲੀ ਹੋਈ ਸੁਰ 'ਛਹੀ' ਦੀ ਸੁਰ ਏ। ਕੇਹੜਾ ਪੰਜਾਬੀ ਏ ਜਿਨ੍ਹੇ ਕਿ ਗਰਾਮੋਫ਼ੋਨ ਵਿਚ ਮਿਸ ਦੁਲਾਰੀ ਦਾ ਛਹੀ ਵਾਲਾ ਤਵਾ ਨਾ ਸੁਣਿਆ ਹੋਵੇ? ਕੋਈ ਥੀਏਟਰ ਯਾ ਖੇਲ ਹੋਵੇ ਜਦ ਤਕ 'ਛਹੀ' ਨਾ ਗਾਈ ਜਾਵੇ ਲੋਕ ਖੁਸ਼ ਹੀ ਨਹੀਂ ਹੁੰਦੇ।

Digitized by Panjab Digital Library | www.panjabdigilib.org

ਇਹ 'ਛਹੀ' ਵੀ ਬੋਲੀਆਂ ਦੀ ਇਕ ਬੋਲਣ ਵਾਲੀ ਤਰਜ਼ ਏ। ਇਹ ਗੱਲ ਬਹੁਤੇ, ਭਰਾਵਾਂ ਨੂੰ ਪਤਾ ਨਹੀਂ ਕਿ ਛਹੀ ਦਾ ਮਤਲਬ ਕੀ ਏ, ਤੇ ਇਸ ਗੱਲ ਦਾ ਵੀ ਆਮ ਪਤਾ ਨਹੀਂ ਕਿ ਇਹ ਸੁਰ ਪੰਜਾਬ ਦਿਆਂ ਸ਼ਹਿਰਾਂ ਵਿਚ ਮਸ਼ਹੂਰ ਕਰਨ ਵਾਲਾ ਇਸ ਮਜ਼ਮੂਨ ਦਾ ਲੇਖਕ ਹੀ ਏ। ੧੯੨੩ ਈ: ਵਿਚ ਮੈਂ ਮਾਝੇ ਦੇ ਇਕ ਪਿੰਡ ਵਿਚ ਗਿਆ ਤੇ ਦੁਪਹਿਰਾਂ ਵੇਲੇ ਖੇਤ ਵਿਚ ਇਕ ਦਸ ਯਾਰਾਂ ਸਾਲ ਦੇ ਲੜਕੇ ਨੂੰ ਗਾਉਂਦਾ ਸੁਣਿਆ। ਲੜਕਾ ਗਲੋਂ ਨੰਗਾ ਸੀ, ਤੇੜ ਇਕ ਲੰਗੋਟੀ ਸੀ, ਹਥ ਵਿਚ ਸੋਟਾ ਸੀ ਤੇ ਅਗੇ ਗਾਈਆਂ ਮੱਝੀਆਂ ਦਾ ਵੱਗ ਸੀ, ਮੈਂ ਨੇੜੇ ਚਲਾ ਗਿਆ ਤੇ ਉਸਨੂੰ ਗਾਂਉਂਦਿਆਂ ਸੁਣਨ ਲਗ ਪਿਆ, ਤੇ ਜੇਬ ਵਿਚੋਂ ਪਿੰਨਸਲ ਕਾਗਜ਼ ਕੱਢਕੇ ਲਿਖ ਲਿਆ–

ਉਡ ਜਾਊਗਾ ਜ਼ੰਜੀਰੀ ਵਾਲਾ ਕੁੜਤਾ,
ਮੱਠੀ ਮੱਠੀ ਵਾ ਵਗਦੀ,
ਛਹੀ।
ਛਹੀ ਰਨ ਗਈ ਬਸਰੇ,
ਮੋੜ:
ਮੋੜੀਂ ਬਾਬਾ ਡਾਂਗ ਵਾਲਿਆ ਸਰਦਾਰਾ,
ਤੋਰੀਆਂ ਗੁੱਡੀਆਂ ਉਡਾਵੇ ਬੰਤੂ,
ਧਰਮ ਨਾਲ ਬੰਤੂ ਬਕਰੀਆਂ ਚਾਰੇ,
ਕਣਕਾਂ ਕਾਲ ਦੀਆਂ,
ਛਹੀ।

ਛਹੀ ਓਹ ਆਵਾਜ਼ ਏ, ਜੇਹੜੀ ਕਿ ਸੋਟਾ ਡੰਗਰਾਂ ਨੂੰ ਮਾਰਨ ਲੱਗੇ ਓਹ ਮੁੰਡਾ ਮੂੰਹੋਂ ਕੱਢਦਾ ਸੀ। ਮੈਂ ਇਸ ਤਰਜ਼ ਨੂੰ ਬੜਾ ਪਸੰਦ ਕੀਤਾ ਤੇ ਅਪਣੇ ਦੋਸਤ ਲਾਲਾ ਲਾਹੌਰ ਦੇ ਇਕ ਇਸ਼ਤਿਹਾਰ ਵਿਚ ਧੱਕੋ-ਧਕੀ ਇਹ ਗਾਉਣ ਹਿੰਦੀ ਅੱਖਰਾਂ ਵਿਚ ਦਰਜ ਕਰ ਦਿਤਾ। ਨਤੀਜਾ ਇਹ ਹੋਇਆ ਕਿ ਸ਼ਹਿਰਾਂ ਵਿਚ ਤੀਵੀਆਂ ਇਹ ਸੁਰ ਕੁਝ ਬਦਲਕੇ ਗਾਉਣ ਲਗ ਪਈਆਂ। ਤੀਵੀਆਂ ਕੋਲੋਂ ਸ਼ਹਿਰ ਦੇ ਬੰਦਿਆਂ ਨੇ ਇਹ ਸੁਰ ਸਿਖ ਲਈ ਤੇ ਹੌਲੀ ਹੌਲੀ ਇਹ ਸੁਰ ਬਹੁਤ ਮਸ਼ਹੂਰ ਹੋ ਗਈ। ਅਸਲ ਵਿਚ ਇਹ ਸੁਰ ਵੱਗ-ਛੇੜੂ ਮੁੰਡਿਆਂ ਦੀ ਸੁਰ ਏ।

ਗੱਲ ਕੀ ਪੰਜਾਬੀ ਦਾ ਬਲੈਂਕ ਵਰਸ ਇਕ ਐਸੀ ਤਰਜ਼ ਏ ਜਿਹੜੀ ਕਿ ਪੰਜਾਬ ਦਿਆਂ ਵਿਚਲਿਆਂ ਜ਼ਿਲਿਆਂ ਦੇ ਰਹਿਣ ਵਾਲੇ ਭਰਾਵਾਂ ਨੂੰ ਬੜੀ ਪਿਆਰੀ ਏ ਤੇ ਓਹ ਇਸਨੂੰ ਬੋਲਦਿਆਂ ਕਦੀ ਥੱਕਦੇ ਨਹੀਂ।

## ੨.

ਕੁਝ ਨਮੂਨੇ ਇਨ੍ਹਾਂ ਬੋਲੀਆਂ ਦੇ ਤੁਹਾਡੀ ਭੇਟਾ ਕੀਤੇ ਜਾਂਦੇ ਨੇ:–

ਅੱਖ ਮੇਰੇ ਲਾਲ ਦੀ ਦੁਖੇ,
ਲਾਲੀ ਮੇਰਿਆਂ ਨੈਨਾਂ ਵਿਚ ਰੜਕੇ।

ਅੱਖ ਮੇਰੇ ਪਿਆਰੇ ਦੀ ਦੁੱਖਦੀ ਏ, ਪਰ ਆਪਣੇ ਪਿਆਰੇ ਦੇ ਦੁੱਖ ਨੂੰ ਖਿਆਲ ਕਰ ਕੇ ਹੀ ਮੇਰੀਆਂ ਅੱਖਾਂ ਵਿਚ ਰੜਕ ਪੈਣ ਲਗ ਪੈਂਦੀ ਏ। ਕਿਹਾ ਉੱਚਾ ਤੇ ਬਾਰੀਕ ਖਿਆਲ ਏ।

ਪੱਲਾ ਮਾਰਕੇ ਬੁਝਾ ਗਈ ਦੀਵਾ,
ਅੱਖ ਨਾਲ ਗਲ ਕਰ ਗਈ।

ਨਖ਼ਰੇ, ਮੁਹੱਬਤ ਤੇ ਸ਼ੋਖੀ ਇਸ ਬੋਲੀ ਦੇ ਇਕ ਇਕ ਹਰਫ਼ ਵਿਚ ਭਰੇ ਹੋਏ ਨੇ।

ਆ ਜਾ ਬਹਿ ਜਾ ਨਹਿਰ ਦੇ ਕੰਢੇ,
ਜਿਥੇ ਠੰਡੀਆਂ ਦਿਨਾਂ ਦੀਆਂ ਛਾਵਾਂ।

Digitized by Panjab Digital Library | www.panjabdigilib.org

ਖਿੱਚੀ ਗਈ ਏ।

ਭੁੱਲ ਗਈ ਯਾਰ ਦੀ ਗਲੀ,
ਜਦੋਂ ਚੰਦ ਬਦਲੀ ਵਿਚ ਆਇਆ।

ਕਿਹਾ ਸੋਹਣਾ ਨਕਸ਼ਾ ਏ।

ਲੋਕੀ ਭੈੜੇ ਜਨ ਕਰਦੇ,
ਚਿੱਟੇ ਦੰਦ ਹੱਸਣੋਂ ਨਾ ਰਹਿੰਦੇ।
ਸੁਥਣੇ ਸੱਪ ਰੰਗੀਏ,

ਜਾਂਦੇ ਰਾਹੀ ਦੀ ਨਜ਼ਰ ਬੰਦ ਕੀਤੀ। ਕਵਿਤਾ ਰਸ ਦੀਆਂ ਚੰਗੀਆਂ ਮਿਸਾਲਾਂ ਨੇ।

## ਪਿੰਡਾਂ ਦੀ ਜ਼ਿੰਦਗੀ ਦੀਆਂ ਗੱਲਾਂ

ਭਰਾ ਭੈਣ ਨੂੰ ਮਿਲਣ ਆਇਆ ਏ, ਅਗੋਂ ਸੱਸ ਨੇ ਖਾਤਰ ਨਹੀਂ ਕੀਤੀ। ਭੈਣ ਕਹਿੰਦੀ ਏ:-

ਸਸੇ ਤੇਰੀ ਬੂਰੀ ਮਰ ਜਾਏ,
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।

ਖਾਲੈ ਵੀਰਾ ਚੁੱਪ ਕਰਕੇ,
ਅੱਡ ਹੋਵਾਂ ਤੇ ਪਕਾ ਦੇਉਂ ਦੋਪੜਾਂ।

ਲੋਹੜੀ ਦਾ ਤਿਉਹਾਰ ਆਗਿਆ ਏ, ਪਰ ਭੈਣ ਨੂੰ ਅਜੇ ਭਰਾ ਲੈਣ ਨਹੀਂ ਆਇਆ, ਸੱਸ ਮੇਹਣਾ ਮਾਰਦੀ ਏ:-

ਬਹੁਤਿਆਂ ਭਰਾਵਾਂ ਵਾਲੀਏ,
ਲੋਹੜੀ ਆਈ ਤੇ ਲੈਣ ਨਹੀਂ ਆਏ।

ਨੂੰਹ ਕਹਿੰਦੀ ਏ:-

ਬੋਲੀਆਂ ਨਾ ਮਾਰ ਸੱਸੀਏ,
ਲੈ ਜਾਣਗੇ ਅੰਮਾਂ ਦੇ ਜਾਏ।

ਭਰਾ ਦੇ ਘਰ ਮੁੰਡਾ ਪੈਦਾ ਹੁੰਦਾ ਏ, ਭੈਣ ਨੂੰ ਖੁਸ਼ੀ ਹੁੰਦੀ ਏ, ਕਹਿੰਦੀ ਏ:-

ਵੀਰ ਘਰ ਪੁੱਤ ਜੰਮਿਆ,
ਚੰਦ ਚੜ੍ਹਿਆ ਬਾਪ ਦੇ ਖੇੜੇ।

ਸਾਨੂੰ ਮਝੀਆਂ ਦੇ ਸੰਗਲ ਫੜਾ ਦੇ।

ਭੈਣ ਨੂੰ ਮਿਲਣ ਵਾਸਤੇ ਭਰਾ ਚਲਿਆ ਏ। ਦੋ ਸਤਰਾਂ ਵਿਚ ਫ਼ੋਟੋ ਖਿੱਚ ਲਿਆ ਗਿਆ ਏ:-

ਭੈਣ ਕੋਲ ਵੀਰ ਚਲਿਆ,
ਹੱਥ ਛੱਤੜੀ ਰੁਮਾਲ ਪਲੇ ਸੇਵੀਆਂ।

ਪੰਜਾਬ ਵਿਚ ਨੂੰਹਾਂ ਸੱਸਾਂ ਦਾ ਰੱਬ ਵਾਸਤੇ ਦਾ ਵੈਰ ਹੁੰਦਾ ਏ। ਲੱਖਾਂ ਵਿੱਚੋਂ ਕਿਸੇ ਨੂੰਹ ਸਸ ਦੀ ਭਾਵੇਂ ਬਣਦੀ ਹੋਵੇ, ਇਸ ਗੱਲ ਨੂੰ ਪ੍ਰਤੱਖ ਕੀਤਾ ਗਿਆ ਏ:-

ਮਾਪਿਆਂ ਨੇ ਰੱਖੀ ਲਾਡਲੀ,
ਅਗੋਂ ਸਸ ਬਘਿਆੜਨੀ ਟੱਕਰੀ।

ਨਨਾਣਾਂ ਨੂੰ ਵੀ ਪਿੰਡਾਂ ਦੀਆਂ ਕੁੜੀਆਂ ਦੇਖ ਨਹੀਂ ਸੁਖਾਂਦੀਆਂ। ਨੂੰਹ ਕਹਿੰਦੀ ਏ:-

ਸਸ ਦੀਆਂ ਨੌਂ ਡਾਰੀਆਂ
ਮੱਥਾ ਟੇਕਦੀ ਬਾਰਾਂ ਵੱਜ ਜਾਂਦੇ।

ਨੂੰਹਾਂ ਸਾਹੁਰੇ ਘਰ ਨੂੰ ਹਮੇਸ਼ ਨਿੰਦਣਗੀਆਂ ਤੇ ਪੇਕੇ ਘਰ ਨੂੰ ਸਲਾਹੁਣਗੀਆਂ:-

ਬਾਪੂ ਤੇਰੇ ਕੁੜਮਾਂ ਨੇ,
ਦੋ ਕੁੱਤੀਆਂ ਖਰਾਸੇ ਜੁੱਤੀਆਂ।
ਬਾਪੂ ਤੇਰੇ ਕੁੜਮਾਂ ਨੇ।

ਕੁੱਤੀ ਮਰ ਗਈ ਚਲ੍ਹੇ ਵਿਚ ਡੁੱਬਕੇ,
ਵੀਰ ਮੇਰਾ ਸਤ ਜੁਗੀਆ।
ਮੋਈ ਕੁੱਤੀ ਦੀ ਮੁਕਾਣੇ ਆਇਆ।

ਤਰਨ ਤਾਰਨ ਵਿਚ ਹਰ ਮੱਸਿਆ ਨੂੰ ਬੜਾ ਮੇਲਾ ਲੱਗਦਾ ਏ, ਮੁੰਡੇ ਡਾਂਵੇ ਘੁਕ ਕੇ ਤੇ ਟਸ਼ਾਂ ਕੱਢ ਕੇ ਮੇਲੇ ਜਾਂਦੇ

Digitized by Panjab Digital Library | www.panjabdigilib.org

ਰਾਹ ਵਿਚ ਸੀ, ਓਹਨੂੰ ਉਡੀਕ ਸੀ ਕਿ ਮਸਿਆ ਜਾਂਦਾ ਹੋਇਆ ਓਸਦਾ ਭਰਾ ਪਿੰਡ ਵਿਚੋਂ ਦੀ ਲੰਘਦਾ ਲੰਘਦਾ ਓਹਨੂੰ ਮਿਲਦਾ ਜਾਵੇਗਾ। ਕਹਿੰਦੀ ਏ:—

ਮਸਿਆ ਸਵੇਰ ਦੀ ਵੱਗੇ,
ਛੋਟਾ ਵੀਰ ਦਾ ਨਜ਼ਰ ਨਾ ਆਵੇ।

ਡਾਂਗ ਮਾਝੇ ਦਾ ਕੌਮੀ ਹਥਿਆਰ ਏ, ਜੋ ਲੜਾਈ, ਦੰਗਾ, ਖ਼ੂਨ-ਖ਼ਰਾਬਾ ਮਾਝੇ ਵਿਚ ਹੁੰਦਾ ਏ ਓਥੇ ਡਾਂਗ ਹੀ ਚਲਦੀ ਏ। ਮਾਝੇ ਵਿਚ ਜਵਾਨ ਉਹ ਮੰਨਿਆ ਜਾਂਦਾ ਏ, ਜੀਹਦੀ ਡਾਂਗ ਤਗੜੀ ਹੋਵੇ। ਭੈਣਾਂ ਵੀ ਭਰਾਵਾਂ ਦੀਆਂ ਡਾਂਗਾਂ ਤੇ ਫ਼ਖ਼ਰ ਕਰਦੀਆਂ ਨੇ, ਕਹਿੰਦੀਆਂ ਨੇ:—

ਓਹ ਡਾਂਗ ਮੇਰੇ ਵੀਰ ਦੀ,
ਜਿੱਥੇ ਵੱਜਦੀ ਬਦਲ ਵਾਂਙੂ ਗਜਦੀ।

ਦੇਉਰ ਭਰਜਾਈ ਦੀ ਨੋਕ ਝੋਕ ਪੰਜਾਬ ਵਿਚ ਮੁੱਢੋਂ ਈ ਤੁਰੀ ਆਈ ਏ, ਜ਼ਿੰਦਗੀ ਦੇ ਇਸ ਰੰਗ ਨੂੰ ਵੀ ਬੋਲੀਆਂ ਵਿਚ ਜ਼ਾਹਿਰ ਕੀਤਾ ਗਿਆ ਏ, ਦੇਉਰ ਦਾ ਭੱਤਾ ਲੈਕੇ ਖੇਤ ਵਲ ਭਰਜਾਈ ਜਾ ਰਹੀ ਏ ਤੇ ਕਹਿੰਦੀ ਏ:—

ਰੋਟੀ ਲੈਕੇ ਦੇਉਰ ਦੀ ਚਲੀ,
ਉਤੇ ਡੋਰੀਆ ਗੰਢੇ ਦੀ ਛਿਲ ਵਰਗਾ।
ਵਾਜਾਂ ਮਾਰਾਂ ਵਟ ਤੇ ਖੜੀ,
ਪੈਰ ਸੜ ਗਏ ਪਟੜੀਆਂ ਵਾਲੇ।
ਵਾਜਾਂ ਮਾਰਾਂ ਵੱਟ ਤੇ ਖੜੀ,
ਰੋਟੀ ਖਾਲੈ ਬੀਬਾ ਹਲ ਛਡ ਕੇ।
ਲੋਕੀ ਭੈੜੇ ਜਨ ਕਰਦੇ,
ਛੋਟਾ ਦੇਉਰ ਭਰਾਵਾਂ ਵਰਗਾ।

ਪਿੰਡਾਂ ਵਿਚ ਮੇਲੇ ਜਾਣ ਦਾ ਬੜਾ ਸ਼ੌਕ ਹੁੰਦਾ ਏ, ਪਰ ਸਸਾਂ ਤੋਂ ਡਰਕੇ ਦੋਹਾਂ ਨੂੰ ਜਾਣਾ ਨਹੀਂ ਮਿਲਦਾ:—

ਸਸ ਮਰ ਗਈ ਨਨਾਣ ਸਹੁਰੇ ਤੁਰ ਗਈ,
ਆਪਾਂ ਦੋਏ ਮੇਲੇ ਚਲੀਏ।

ਸ਼ਹਿਰਾਂ ਦੀਆਂ ਕੁੜੀਆਂ ਵੀ ਇਸ ਤਰਜ਼ ਵਿਚ ਗੀਤ ਲਿਖਣ ਲੱਗ ਪਈਆਂ ਨੇ। ਇਕ ਇਸ ਬਗ਼ੈਰ ਕਾਫ਼ੀਏ ਵਾਲੀ ਤਰਜ਼ ਦਾ ਗੀਤ ਦੇਕੇ ਇਸ ਮਜ਼ਮੂਨ ਨੂੰ ਖ਼ਤਮ ਕੀਤਾ ਜਾਂਦਾ ਏ। ਇਹ ਗੀਤ ਬਿਲਕੁਲ ਅਜਕਲ ਦਾ ਬਣਿਆ ਹੋਇਆ ਏ, ਢੋਲਕੀ ਨਾਲ ਗਾਇਆ ਜਾਂਦਾ ਏ।

ਹੱਥ ਕੰਘੀ ਤੇ ਸਬਜ਼ ਪਰਾਂਦੀ,
ਸਾਰੀ ਗਲੀ ਨੈਣਾਂ ਦੀ ਫਿਰਾਂ। ਵਾਹ ਵਾਹ...
ਸਿਰ ਗੁੰਦ ਤੂੰ ਕੁਪੱਤੀਏ ਨੈਣੇ,
ਉਤੇ ਪਾਦੇ ਡਾਕ ਬੰਗਲਾ। ਵਾਹ ਵਾਹ...
ਕਾਹਨੂੰ ਆਈਏਂ ਨੈਣਾਂ ਦੇ ਨਾਲ ਲੜ ਕੇ,
ਸਿਰ ਤੇਰਾ ਆਪ ਮੈਂ ਗੁੰਦਾਂ।...
ਕਾਹਨੂੰ ਆਇਓਂ ਬਸੰਤੀ ਚੀਰਾ ਬੰਨ੍ਹਕੇ,
ਮਾਪਿਆਂ ਨੇ ਨਹੀਂਓਂ ਤੋਰਨੀ।...
ਖ਼ਾਲੀ ਗਿਓਂ ਨਣਦ ਦਿਆ ਵੀਰਾ,
ਵੇ ਮੋਟਰ ਵਿਚ ਇੱਟ ਧਰ ਲੈ। ਵਾਹ ਵਾਹ
ਤੈਨੂੰ ਸਖੀਆਂ ਮਿਲਣ ਵੀ ਨਾ ਆਈਆਂ,

..........................................

ਮੇਰਾ ਇਹ ਮਜ਼ਮੂਨ ਲਿਖਣ ਦਾ ਤੇ ਬਲੈਂਕ ਵਰਸ ਦੇ ਕੁਝ ਨਮੂਨੇ ਇਸ ਮਜ਼ਮੂਨ ਵਿਚ ਦੇਣ ਦਾ ਮਤਲਬ ਇਹ ਹੈ ਕਿ ਸੱਜਣਾਂ ਨੂੰ ਇਹ ਪਤਾ ਲੱਗੇ ਕਿ ਇਸ "ਬਗ਼ੈਰ ਕਾਫ਼ੀਏ" ਵਾਲੀ ਤਰਜ਼ ਦੀ ਸ਼ਾਇਰੀ ਲਿਖਣ ਵਾਸਤੇ ਪੰਜਾਬੀ ਜ਼ਬਾਨ ਵਿਚ ਕਿਤਨਾ ਖੁਲ੍ਹਾ ਮੈਦਾਨ ਹੈ, ਤੇ ਕਹੀ ਸੋਹਣੀ ਕਵਿਤਾ ਇਸ ਤਰਜ਼ ਵਿਚ ਲਿਖੀ ਜਾ ਸਕਦੀ ਏ।

—:o:—

Digitized by Panjab Digital Library | www.panjabdigilib.org